# Factsheet CRW03
# ਛੋਟਾਂ (Exemptions)
# ਵਾਲੰਟੀਅਰ ਮਾਪਿਆਂ ਲਈ ਛੋਟ

Punjabi | ਪੰਜਾਬੀ

ਵੈਸਟਰਨ ਆਸਟ੍ਰੇਲੀਆ (WA) ਸਮਝਦਾ ਹੈ ਕਿ **ਮਾਪਿਆਂ** ਦੁਆਰਾ ਆਪਣੇ ਬੱਚਿਆਂ ਦੀ ਸਹਾਇਤਾ ਲਈ ਕੀਤੇ ਗਏ ਸਵੈਇੱਛਤ ਕੰਮ ਨੂੰ ਕਾਨੂੰਨ ਦੁਆਰਾ ਨਿਯੰਤ੍ਰਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੇ ਨਾਲ ਖੇਡ ਕਲੱਬਾਂ, ਸਕੂਲਾਂ ਅਤੇ ਚਰਚਾਂ ਵਰਗੀਆਂ ਸੰਸਥਾਵਾਂ ਵਿੱਚ **ਵਾਲੰਟੀਅਰ** ਵਜੋਂ ਕੰਮ ਕਰਨ ਲਈ ਆਪਣਾ ਸਮਾਂ ਦਿੰਦੇ ਹਨ। ਵਾਲੰਟੀਅਰ ਮਾਪਿਆਂ ਦੁਆਰਾ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਕਮਿਊਨਿਟੀ ਗਰੁੱਪਾਂ ਦੇ ਕੰਮ ਕਰਨ ਵਿੱਚ ਮੱਦਦ ਕਰਨ ਲਈ, ਅਤੇ ਬੱਚਿਆਂ ਅਤੇ ਪਰਿਵਾਰਾਂ ਲਈ ਲਾਭ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਸਥਿਤੀਆਂ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਹੋਰ ਬਾਲ ਸੁਰੱਖਿਆ ਰਣਨੀਤੀਆਂ ਹਨ ਜੋ ਵਧੇਰੇ ਕਾਰਜਸ਼ੀਲ ਅਤੇ ਪ੍ਰਭਾਵਸ਼ਾਲੀ ਹਨ।

## ਵਾਲੰਟੀਅਰ ਮਾਪਿਆਂ ਲਈ ਛੋਟ ਤੱਕ ਪਹੁੰਚ ਕਰਨ ਲਈ ਕੌਣ ਅਯੋਗ ਹੈ?

ਮੌਜੂਦਾ **ਅੰਤਰਿਮ ਨਕਾਰਾਤਮਕ ਨੋਟਿਸ** ਜਾਂ **ਨਕਾਰਾਤਮਕ ਨੋਟਿਸ** ਵਾਲੇ ਵਿਅਕਤੀ ਉਪਰ ਵਾਲੰਟੀਅਰ ਮਾਪਿਆਂ ਲਈ ਛੋਟ ਤੱਕ ਪਹੁੰਚ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਹੋਰ ਜਾਣਕਾਰੀ ਲਈ ਤੱਥ ਸ਼ੀਟ CRW04 - ਛੋਟਾਂ, ਪਹੁੰਚ ਨੂੰ ਤੰਗ ਕਰਨਾ ਵੇਖੋ।

## ਕੀ ਵਾਲੰਟੀਅਰ ਮਾਪਿਆਂ ਲਈ ਛੋਟ ਦਾਦਾ-ਦਾਦੀ, ਵੱਡੇ ਭੈਣ-ਭਰਾ, ਅਤੇ ਹੋਰ ਰਿਸ਼ਤੇਦਾਰਾਂ 'ਤੇ ਲਾਗੂ ਹੁੰਦੀ ਹੈ?

ਨਹੀਂ। ਜ਼ਿਆਦਾਤਰ ਮਾਮਲਿਆਂ ਵਿੱਚ ਵਾਲੰਟੀਅਰ ਮਾਪਿਆਂ ਲਈ ਛੋਟ ਦੀ ਵਰਤੋਂ ਸਿਰਫ਼ ਉਸ ਵਿਅਕਤੀ ਦੁਆਰਾ ਕੀਤੀ ਜਾ ਸਕਦੀ ਹੈ ਜੋ 'ਮਾਤਾ-ਪਿਤਾ' ਹੈ, ਜਿਵੇਂ ਕਿ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਵਿੱਚ ਮਤਰੇਏ ਮਾਤਾ-ਪਿਤਾ, ਅਣਵਿਆਹੇ ਜੀਵਨ-ਸਾਥੀ (ਡੀ-ਫੈਕਟੋ ਪਾਰਟਨਰ), ਸੰਭਾਵੀ ਗੋਦ ਲੈਣ ਵਾਲੇ ਮਾਤਾ-ਪਿਤਾ, ਅਤੇ ਕੋਈ ਅਜਿਹਾ ਵਿਅਕਤੀ ਸ਼ਾਮਲ ਹੁੰਦਾ ਹੈ ਜਿਸ ਕੋਲ ਉਸ **ਬੱਚੇ** ਦੀ ਲੰਬੇ ਸਮੇਂ ਦੀ ਜਾਂ ਰੋਜ਼ਾਨਾ ਦੇਖਭਾਲ ਅਤੇ ਭਲਾਈ ਅਤੇ ਵਿਕਾਸ ਦੀ ਕਾਨੂੰਨੀ ਜ਼ਿੰਮੇਵਾਰੀ ਹੁੰਦੀ ਹੈ। ਜੇ ਕੋਈ ਦਾਦਾ-ਦਾਦੀ, ਭੈਣ-ਭਰਾ, ਜਾਂ ਕੋਈ ਹੋਰ **ਰਿਸ਼ਤੇਦਾਰ** (ਜਿਸ ਕੋਲ ਕਾਨੂੰਨੀ ਜ਼ਿੰਮੇਵਾਰੀ ਨਹੀਂ ਹੈ) ਬੱਚੇ ਨਾਲ ਸੰਬੰਧਿਤ ਕੰਮ ਵਿੱਚ ਵਾਲੰਟੀਅਰ ਹੈ, ਤਾਂ ਉਹਨਾਂ ਲਈ WWC ਜਾਂਚ ਲਈ ਅਰਜ਼ੀ ਦੇਣੀ ਲਾਜ਼ਮੀ ਹੈ।

## ਸੰਸਥਾਵਾਂ ਬੱਚਿਆਂ ਲਈ ਆਪਣੀਆਂ ਸੇਵਾਵਾਂ ਨੂੰ ਸੁਰੱਖਿਅਤ ਬਣਾਉਣ ਲਈ ਕੀ ਕਰ ਸਕਦੀਆਂ ਹਨ?

WWC ਚੈੱਕ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਿਰਫ਼ ਇੱਕ ਰਣਨੀਤੀ ਹੈ। ਬਹੁਤ ਸਾਰੀਆਂ ਚੀਜ਼ਾਂ ਹਨ ਜੋ ਰੁਜ਼ਗਾਰਦਾਤਾ ਅਤੇ ਸੰਸਥਾਵਾਂ, ਜੋ ਬੱਚਿਆਂ ਨਾਲ ਕੰਮ ਕਰਦੀਆਂ ਹਨ, ਇਹ ਯਕੀਨੀ ਬਣਾਉਣ ਲਈ ਕਰ ਸਕਦੀਆਂ ਹਨ ਕਿ ਉਹਨਾਂ ਦੀਆਂ ਸੰਸਥਾਵਾਂ ਬਾਲ-ਸੁਰੱਖਿਅਤ ਅਤੇ ਬਾਲ-ਅਨੁਕੂਲ ਹਨ। ਉਦਾਹਰਨ ਲਈ, ਕਿਸੇ ਸੰਸਥਾ ਦੀ ਆਪਣੀ ਨੀਤੀ ਹੋ ਸਕਦੀ ਹੈ ਜਿਸ ਲਈ ਵਾਲੰਟੀਅਰ ਮਾਪਿਆਂ ਨੂੰ ਵਾਲੰਟੀਅਰ ਨੈਸ਼ਨਲ ਪੁਲਿਸ ਸਰਟੀਫ਼ਿਕੇਟ ਦੀ ਲੋੜ ਹੁੰਦੀ ਹੈ। ਵਧੇਰੇ ਜਾਣਕਾਰੀ ਲਈ


ਡਿਪਾਰਟਮੈਂਟ ਆਫ਼ ਕਮਿਊਨਿਟੀਜ਼ ਦੇ ਬਾਲ ਸੁਰੱਖਿਅਤ ਸੰਸਥਾਵਾਂ ਦੇ ਗਿਆਨ ਹੱਬ 'ਤੇ ਜਾਓ।

## ਬੱਚਿਆਂ ਨਾਲ ਸੰਬੰਧਿਤ ਕੰਮ ਅਤੇ ਵਾਲੰਟੀਅਰ ਮਾਪਿਆਂ ਲਈ ਛੋਟਾਂ ਦੀਆਂ ਸ਼੍ਰੇਣੀਆਂ

ਵਾਲੰਟੀਅਰ ਮਾਪਿਆਂ ਲਈ ਛੋਟ ਸਿਰਫ਼ ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਕੁੱਝ **ਸ਼੍ਰੇਣੀਆਂ** 'ਤੇ ਲਾਗੂ ਹੁੰਦੀ ਹੈ ਅਤੇ ਸਿਰਫ਼ ਜਿੱਥੇ ਮਾਪਿਆਂ ਦੇ ਬੱਚੇ ਦੀ ਉਮਰ 18 ਸਾਲ ਤੋਂ ਘੱਟ ਹੁੰਦੀ ਹੈ। ਜੇਕਰ ਕੋਈ ਮਾਤਾ-ਪਿਤਾ ਅਜਿਹੀ ਸ਼੍ਰੇਣੀ ਦੇ ਸੰਬੰਧ ਵਿੱਚ ਵਾਲੰਟੀਅਰ ਹੈ ਜਿੱਥੇ ਇੱਕ ਸ਼੍ਰੇਣੀ ਵਿੱਚ ਛੋਟ ਹੈ ਅਤੇ ਦੂਸਰੀ ਸ਼੍ਰੇਣੀ ਵਿੱਚ ਛੋਟ ਨਹੀਂ ਹੈ, ਤਾਂ ਮਾਤਾ-ਪਿਤਾ ਨੂੰ ਉਸ ਸ਼੍ਰੇਣੀ ਨੂੰ ਲਾਗੂ ਕਰਨਾ ਚਾਹੀਦਾ ਹੈ ਜਿੱਥੇ ਕੋਈ ਛੋਟ ਨਹੀਂ ਹੈ।

| ਸ਼੍ਰੇਣੀ | | ਵਾਲੰਟੀਅਰ ਮਾਪਿਆਂ ਲਈ ਛੋਟ |
|---|---|---|
|  | 1. ਬਾਲ ਦੇਖਭਾਲ ਸੇਵਾ | ਇੱਕ ਮਾਤਾ ਜਾਂ ਪਿਤਾ ਉਸ ਬਾਲ ਦੇਖਭਾਲ ਸੇਵਾ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦੇ ਬੱਚੇ ਦਾ ਨਾਮ ਦਰਜ ਹੈ। |
|  | 2. ਕਮਿਊਨਿਟੀ ਕਿੰਡਰਗਾਰਟਨ | ਇੱਕ ਮਾਤਾ ਜਾਂ ਪਿਤਾ ਉਸ ਕਿੰਡਰਗਾਰਟਨ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਦਾਖਲ ਹੈ। |
|  | 3. ਬੱਚਿਆਂ ਦੀ ਵਿੱਦਿਅਕ ਸੰਸਥਾ | ਇੱਕ ਮਾਤਾ ਜਾਂ ਪਿਤਾ ਉਸ ਵਿੱਦਿਅਕ ਸੰਸਥਾ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਦਾਖਲ ਹੈ। |
|  | 4. ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 5. ਬੱਚਿਆਂ ਦੀ ਰਿਹਾਇਸ਼ ਜਾਂ ਦੇਖਭਾਲ ਲਈ ਪ੍ਰਬੰਧ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 6. ਪਲੇਸਮੈਂਟ ਦਾ ਪ੍ਰਬੰਧ ਜਾਂ ਸੁਰੱਖਿਅਤ ਦੇਖਭਾਲ ਦਾ ਪ੍ਰਬੰਧ | ਵਾਲੰਟੀਅਰ ਮਾਪਿਆਂ ਲਈ ਕੋਈ ਛੋਟ ਨਹੀਂ। |

| ਸ਼੍ਰੇਣੀ | | ਵਾਲੰਟੀਅਰ ਮਾਪਿਆਂ ਲਈ ਛੋਟ |
|---|---|---|
|  | 7. ਅਧਿਕਾਰੀ ਦੁਆਰਾ ਕੰਮ-ਕਾਜ (ਕਮਿਊਨਿਟੀਜ਼ ਵਿਭਾਗ) | ਵਾਲੰਟੀਅਰ ਮਾਪਿਆਂ ਲਈ ਕੋਈ ਛੋਟ ਨਹੀਂ। |
|  | 8. ਨਜ਼ਰਬੰਦੀ ਕੇਂਦਰ | ਵਾਲੰਟੀਅਰ ਮਾਪਿਆਂ ਲਈ ਕੋਈ ਛੋਟ ਨਹੀਂ। |
|  | 9. ਕਮਿਊਨਿਟੀ ਬਾਲ ਸਿਹਤ ਸੇਵਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 10.ਕਾਉਂਸਲਿੰਗ ਜਾਂ ਹੋਰ ਸਹਾਇਤਾ ਸੇਵਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 11. ਧਾਰਮਿਕ ਸੰਸਥਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 12. ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ | ਇੱਕ ਮਾਤਾ ਜਾਂ ਪਿਤਾ ਉਸੇ ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਸ਼ਾਮਲ ਹੁੰਦਾ ਹੈ, ਜਾਂ ਆਮ ਤੌਰ 'ਤੇ ਸ਼ਾਮਲ ਹੁੰਦਾ ਹੈ। |
|  | 13. ਕਿਸੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਦਾ ਵਾਰਡ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 14. ਬੇਬੀ ਸਿਟਿੰਗ ਜਾਂ ਚਾਈਲਡ ਮਾਈਂਡਿੰਗ (ਮਾਪਿਆਂ ਦੀ ਗ਼ੈਰ-ਹਾਜ਼ਰੀ ਵਿੱਚ ਬੱਚੇ ਦੀ ਦੇਖਭਾਲ ਕਰਨ ਦੀ) ਸੇਵਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |
|  | 15. ਰਾਤ ਰਹਿਣ ਵਾਲੇ ਕੈਂਪ | ਵਾਲੰਟੀਅਰ ਮਾਪਿਆਂ ਲਈ ਕੋਈ ਛੋਟ ਨਹੀਂ। |

| ਸ਼੍ਰੇਣੀ | | ਵਾਲੰਟੀਅਰ ਮਾਪਿਆਂ ਲਈ ਛੋਟ |
| --- | --- | --- |
|  | 16. ਖ਼ਾਸ ਤੌਰ 'ਤੇ ਬੱਚਿਆਂ ਲਈ ਟ੍ਰਾਂਸਪੋਰਟ (ਆਵਾਜਾਈ) ਸੇਵਾ | ਇੱਕ ਮਾਤਾ-ਪਿਤਾ ਉਸੇ ਟ੍ਰਾਂਸਪੋਰਟ ਸੇਵਾ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਇੱਕ ਯਾਤਰੀ ਹੈ ਜਾਂ ਆਮ ਤੌਰ 'ਤੇ ਇੱਕ ਯਾਤਰੀ ਹੁੰਦਾ ਹੈ। |
|  | 17. ਸਕੂਲ ਕਰਾਸਿੰਗ ਸੇਵਾ (ਸਕੂਲ ਸਮੇਂ ਰਸਤਾ ਪਾਰ ਕਰਵਾਉਣ ਦੀ ਸੇਵਾ) | ਇੱਕ ਮਾਤਾ ਜਾਂ ਪਿਤਾ ਉਸ ਸਕੂਲ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਦਾਖਲ ਹੈ। |
|  | 18. ਬੱਚਿਆਂ ਦੀ ਮਨੋਰੰਜਨ ਜਾਂ ਪਾਰਟੀ ਸੇਵਾ | ਇੱਕ ਮਾਤਾ ਜਾਂ ਪਿਤਾ ਉਸੇ ਗਤੀਵਿਧੀ ਵਿੱਚ ਵਾਲੰਟੀਅਰ ਕੰਮ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈਂਦਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ। |

**ਮੋਟੇ ਅੱਖਰਾਂ ਵਾਲੇ (bold)** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।